ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਹੁਕਮ ਨੰ: 2/1-2017ਅ4(5)
ਮਿਤੀ: 29-1-2019

## ਪਬਲਿਕ ਨੋਟਿਸ

ਪ੍ਰਾਇਮਰੀ ਟੀਚਰ ਤੋਂ ਮਾਸਟਰ ਕਾਡਰ ਦੇ ਇੰਗਲਿਸ਼ ਵਿਸ਼ੇ ਵਿੱਚ ਤਰੱਕੀਆਂ ਸੰਬੰਧੀ ਮਿਤੀ 28.06.2018 ਤੱਕ
ਵਿਦਿਅਕ ਯੋਗਤਾਵਾਂ ਐਮ.ਏ. ਇੰਗਲਿਸ਼ ਅਤੇ ਬੀ.ਐਡ ਵਿੱਚ ਟੀਚਿੰਗ ਆਫ ਇੰਗਲਿਸ਼ ਪਾਸ ਪ੍ਰਾਇਮਰੀ ਅਧਿਆਪਕਾਂ ਜੋ
28.06.2018 ਤੋਂ ਪਿਛਲੇ ਪੰਜ ਸਾਲਾਂ ਤੋਂ ਰੈਗੂਲਰ ਤੌਰ ਤੇ ਨਿਯੁਕਤ ਹਨ, ਦੀ ਡਾਕੂਮੈਂਟ ਸਕਰੂਟਨੀ ਕਾਊਂਸਲਿੰਗ ਦਰਸਾਏ
ਪ੍ਰੋਗਰਾਮ ਅਨੁਸਾਰ ਕੀਤੀ ਜਾਣੀ ਹੈ।ਇਸ ਕਾਊਸਲਿੰਗ ਵਿੱਚ ਸਿਰਫ ਉਪਰੋਕਤ ਯੋਗਤਾ ਪ੍ਰਾਪਤ ਪ੍ਰਾਇਮਰੀ ਅਧਿਆਪਕਾਂ ਨੂੰ ਹੇਠ
ਲਿਖੇ ਅਨੁਸਾਰ ਹਾਜਰ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ:

| ਲੜੀ | ਮਿਤੀ | ਵਿਸ਼ਾ | ਸਥਾਨ | ਕਾਊਂਸਲਿੰਗ ਸੰਬੰਧੀ ਵਿਸ਼ਾ ਸੀਨੀ: ਸੂਚੀ ਅਨੁਸਾਰ ਸਮਾਂ ਸਾਰਨੀ | ਕਾਊਸਲਿੰਗ ਲਈ ਸ਼ਾਮਿਲ ਹੋਣ ਵਾਲੇ ਅਧਿਆਪਕ |
|---|---|---|---|---|---|
| 1 | 03-02-2019 | ਇੰਗਲਿਸ਼ | ਸਐਸ ਫੇਜ-7, ਐਸ.ਏ.ਐਸ. ਨਗਰ | ਸਵੇਰੇ 10.00 ਵਜੇ ਤੋਂ 03.00 ਵਜੇ ਦੁਪਿਹਰ ਤੱਕ | ਉਕਤ ਯੋਗਤਾ ਅਤੇ ਕੱਟ ਆਫ ਮਿਤੀ ਅਨੁਸਾਰ ਨੱਥੀ ਸੂਚੀ ਵਿੱਚ ਦਰਜ ਪ੍ਰਾਇਮਰੀ ਅਧਿਆਪਕ |

ਨੱਥੀ ਸੂਚੀ ਸਿੱਖਿਆ ਵਿਭਾਗ ਦੇ ਪੋਰਟਲ ਈ ਪੰਜਾਬ ਤੇ ਅੱਪਲੋਡ ਕੀਤੇ ਰੈਗੂਲਰ ਹੋਏ ਪ੍ਰਾਇਮਰੀ ਅਧਿਆਪਕਾਂ
ਦੇ ਡਾਟੇ ਦੇ ਅਧਾਰ ਤੇ ਡਾਇਰੈਕਟਰ ਸਿੱਖਿਆ ਵਿਭਾਗ(ਐਸਿ) ਵੱਲੋਂ ਇਸ ਦਫਤਰ ਨੂੰ ਤਰੱਕੀਆਂ ਕਰਨ ਲਈ ਉਪਲਬੱਧ ਕਰਵਾਈ
ਗਈ ਹੈ ਜਿਸ ਦੇ ਸਨਮੁੱਖ ਇਹ ਤਰੱਕੀ ਪ੍ਰਕ੍ਰਿਆ ਅਮਲ ਵਿਚ ਲਿਆਂਦੀ ਜਾਣੀ ਹੈ। ਪਰੰਤੂ ਇਸ ਸੂਚੀ ਤੋਂ ਇਲਾਵਾ ਉਹ ਪ੍ਰਾਇਮਰੀ
ਅਧਿਆਪਕ, ਜੋ ਕਿ ਮਾਸਟਰ ਕਾਡਰ ਦੀਆਂ ਉਪਰੋਕਤ ਅਨੁਸਾਰ ਇੰਗਲਿਸ਼ ਵਿਸ਼ੇ ਵਿੱਚ ਐਮ.ਏ. ਇੰਗਲਿਸ਼ ਅਤੇ ਬੀ.ਐਡ ਵਿੱਚ
ਟੀਚਿੰਗ ਆਫ ਇੰਗਲਿਸ਼ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ, ਮਿਤੀ 28.06.2018 ਤੋਂ ਪਿਛਲੇ ਪੰਜ ਸਾਲਾਂ ਤੋਂ ਰੈਗੂਲਰ ਤੌਰ
ਤੇ ਨਿਯੁਕਤ ਹੋਵੇ ਅਤੇ ਜਿਸ ਦਾ ਨਾਮ ਇਸ ਸੂਚੀ ਵਿਚ ਸ਼ਾਮਲ ਹੋਣ ਤੋਂ ਰਹਿ ਗਿਆ ਹੈ, ਵੀ ਮਿਤੀ 03-02-2019 ਨੂੰ ਉਪਰੋਕਤ
ਦਰਸਾਏ ਪ੍ਰੋਗਰਾਮ ਤਹਿਤ ਡਾਕੂਮੈਂਟ ਚੈਕ ਲਿਸਟ ਅਨੁਸਾਰ ਮੁਕੰਮਲ ਦਸਤਾਵੇਜਾਂ ਸਮੇਤ ਕਾਊਂਸਲਿੰਗ ਲਈ ਹਾਜਰ ਹੋ ਸਕਦੇ
ਹਨ। **ਇਸ ਦਾ ਧਿਆਨ ਰੱਖਿਆ ਜਾਵੇ ਕਿ ਸਿਰਫ ਐਮ.ਏ. ਇੰਗਲਿਸ਼ ਅਤੇ ਬੀ.ਐਡ ਵਿੱਚ ਟੀਚਿੰਗ ਆਫ ਇੰਗਲਿਸ਼
ਪਾਸ ਪ੍ਰਾਇਮਰੀ ਅਧਿਆਪਕ ਹੀ ਕਾਊਸਲਿੰਗ ਵਿੱਚ ਸ਼ਾਮਿਲ ਹੋਣ ਅਤੇ ਕਿਸੇ ਹੋਰ ਯੋਗਤਾ ਪ੍ਰਾਪਤ ਪ੍ਰਾਇਮਰੀ
ਅਧਿਆਪਕ ਦੀ ਕਾਊਸਲਿੰਗ ਨਹੀਂ ਕੀਤੀ ਜਾਵੇਗੀ।**

ਇਸ ਤੋਂ ਬਾਅਦ ਰਹਿ ਗਏ ਕਿਸੇ ਵੀ ਕਰਮਚਾਰੀ ਨੂੰ ਬਾਅਦ ਵਿਚ ਕੋਈ ਦੂਜਾ ਮੌਕਾ ਨਹੀਂ ਦਿੱਤਾ ਜਾਵੇਗਾ।
ਅਧੂਰੇ ਦਸਤਾਵੇਜਾਂ ਦੇ ਅਧਾਰ ਤੇ ਕਰਮਚਾਰੀ ਦਾ ਕੇਸ ਤਰੱਕੀ ਲਈ ਨਹੀਂ ਵਿਚਾਰਿਆ ਜਾਵੇਗਾ। ਕਾਊਂਸਲਿੰਗ ਲਈ ਹਾਜਰ ਹੋਏ
ਪ੍ਰਾਇਮਰੀ ਅਧਿਆਪਕਾਂ ਨੂੰ ਬਾਰਡਰ ਏਰੀਆ(ਜਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜਪੁਰ, ਫਾਜਿਲਕਾ, ਪਠਾਨਕੋਟ ਅਤੇ
ਤਰਨਤਾਰਨ) ਅਤੇ ਮੋਜੂਦਾ ਏਰੀਆ ਸੰਬੰਧੀ One Time Option ਮੌਕੇ ਤੇ ਹੀ ਦੇਣੀ ਹੋਵੇਗੀ। ਜੇਕਰ ਇਸ ਸਬੰਧੀ ਆਪਸ਼ਨ
ਪ੍ਰਾਪਤ ਨਹੀਂ ਹੁੰਦੀ ਤਾਂ ਉਸ ਨੂੰ ਨਾਨ ਬਾਰਡਰ ਕਾਡਰ ਵਿੱਚ ਹੀ ਸਮਝਿਆ ਜਾਵੇਗਾ ।

0ਕਾਊਂਸਲਿੰਗ ਵਿਚ ਸ਼ਾਮਲ ਹੋਣ ਵਾਲੇ ਪ੍ਰਾਇਮਰੀ ਅਧਿਆਪਕ ਨਿਮਨਲਿਖਤ ਦਰਸਾਈ ਡਾਕੂਮੈਂਟ ਚੈੱਕ ਲਿਸਟ ਅਨੁਸਾਰ ਆਪਣੇ
ਦਸਤਾਵੇਜ ਕਾਊਂਸਲਿੰਗ ਟੀਮ ਸਨਮੁੱਖ ਪੇਸ਼ ਕਰਨਗੇ। ਸੰਬੰਧਤ ਜਿਲ੍ਹਾ ਸਿੱਖਿਆ ਅਫਸਰ(ਐਸਿ) ਦੇ ਦਫਤਰ ਦਾ ਜਿੰਮੇਵਾਰ
ਅਧਿਕਾਰੀ ਡੀਲਿੰਗ ਹੈਂਡ ਨੱਥੀ ਸੂਚੀ ਅਨੁਸਾਰ ਆਪਣੇ ਜਿਲ੍ਹੇ ਨਾਲ ਸੰਬੰਧਤ ਸਾਰੇ ਅਧਿਆਪਕਾਂ ਦਾ ਸੀਨੀਆਰਤਾ/ਡੀਬਾਰ/
ਰਿਵਰਸ਼ਨ/ਸ਼ਿਕਾਇਤ ਪੜਤਾਲ ਪੈਂਡਿੰਗ/ਕੋਰਟ ਕੇਸ ਪੈਂਡਿੰਗ/ਗੁਪਤ ਰਿਪੋਰਟ ਸੰਬੰਧੀ ਐਡਵਰਸ ਰਿਮਾਰਕਸ ਅਤੇ ਬੈਂਚ ਮਾਰਕ/ਲੰਬੀ
ਗੈਰਹਾਜਰੀ/ਨੋਸ਼ਨਲ ਨਿਯਕਤੀ ਆਦਿ ਸੰਬੰਧੀ ਮੁਕੰਮਲ ਦਫਤਰੀ ਰਿਕਾਰਡ ਕਾਊਂਸਲਿੰਗ ਸਮੇਂ ਪੇਸ਼ ਕਰੇਗਾ।

ਨੱਥੀ: 1. ਵਿਸ਼ਾ ਸੂਚੀ- ਇੰਗਲਿਸ਼।
2. ਡਾਕੂਮੈਂਟ ਚੈੱਕ ਲਿਸਟ(ਸਮੇਤ ਪ੍ਰੋਫਾਰਮਾ ੳ,ਅ ਅਤੇ ੲ)
3. ਸਕਰੂਟਨੀ ਪ੍ਰੋਫਾਰਮਾ।
4. ਬਾਰਡਰ/ਨਾਨ-ਬਾਰਡਰ ਏਰੀਆ ਆਪਸ਼ਨ ਫਾਰਮ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ।